# ਦਫਤਰ ਡਾਇਰੈਕਟਰ ਐਸ.ਸੀ.ਈ.ਆਰ.ਟੀ. ਪੰਜਾਬ

ਬਲਾਕ-ਈ, ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਛੇਵੀਂ ਮੰਜਿਲ, ਫੇਜ਼-8, ਮੋਹਾਲੀ
ਫੋਨ ਨੰ. 0172-2212221

ਵੱਲ

ਸਮੂਹ ਜਿਲ੍ਹਾ ਸਿਖਿਆ ਅਫਸਰ (ਸੈ.ਸਿ.),
ਸਮੂਹ ਸਕੂਲ ਮੁੱਖੀ ( ਵੈਬਸਾਈਟ ਰਾਹੀਂ )
ਸਬੰਧਤ ਅਧਿਆਪਕ

ਮੀਮੋ ਨੰ: SCERT/QP/UP/2018 201838311 to 201838332
ਮਿਤੀ:- 27.08.2018

ਵਿਸ਼ਾ :- 8ਵੀਂ ਜਮਾਤ ਦਾ **SA1**, 2018-19 ਲਈ ਨਮੂਨੇ ਦਾ ਗਣਿਤ ਵਿਸ਼ੇ ਦੇ ਮਾਡਲ ਪ੍ਰਸ਼ਨ-ਪੱਤਰ ਸਬੰਧੀ।

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਮਾਣਯੋਗ ਸੱਕਤਰ ਸਕੂਲ ਸਿੱਖਿਆ ਪੰਜਾਬ ਜੀ ਦੇ ਆਦੇਸ਼ਾਂ ਹਿੱਤ, ਅੱਠਵੀਂ ਜਮਾਤ ਦਾ ਗਣਿਤ ਵਿਸ਼ੇ ਦਾ SA-1, 2018-19 ਲਈ ਮਾਡਲ ਪ੍ਰਸ਼ਨ-ਪੱਤਰ ਤਿਆਰ ਕੀਤਾ ਗਿਆ ਹੈ। ਇਸ ਨੂੰ ਅਧਿਆਪਕ ਵਰਗ ਅਤੇ ਵਿਦਿਆਰਥੀਆਂ ਦੀ ਸਹੂਲਤ ਲਈ www.ssapunjab.org ਦੀ website ਤੇ ਅਪਲੋਡ ਕੀਤਾ ਜਾ ਰਿਹਾ ਹੈ।

ਨੱਥੀ:- ਮਾਡਲ ਪ੍ਰਸ਼ਨ-ਪੱਤਰ ਅੱਠਵੀਂ ਵਿਸ਼ਾ ਗਣਿਤ।

ਡਾਇਰੈਕਟਰ
ਐਸ.ਸੀ.ਈ.ਆਰ.ਟੀ, ਪੰਜਾਬ

ਮਾਡਲ ਪ੍ਰਸ਼ਨ ਪੱਤਰ

ਜਮਾਤ-ਅੱਠਵੀਂ(ਗਣਿਤ)

ਸਮਾਂ : 3 ਘੰਟੇ SA – 1 (2018-19) ਕੁੱਲ ਅੰਕ:80

ਜਰੂਰੀ ਨੋਟ:-

1. ਭਾਗ-ੳ ਪ੍ਰਸ਼ਨ 1 ਤੋਂ ਲੈ ਕੇ 8 ਤੱਕ ਇੱਕ ਅੰਕ ਵਾਲੇ ਹਨ ।
2. ਭਾਗ-ਅ ਪ੍ਰਸ਼ਨ 9 ਤੋਂ ਲੈ ਕੇ 16 ਤੱਕ ਦੋ ਅੰਕ ਵਾਲੇ ਹਨ ।
3. ਭਾਗ-ੲ ਪ੍ਰਸ਼ਨ 17 ਤੋਂ ਲੈ ਕੇ 24 ਤੱਕ ਚਾਰ ਅੰਕ ਵਾਲੇ ਹਨ । ਇਹਨਾਂ ਪ੍ਰਸ਼ਨਾਂ ਵਿੱਚ ਕਿਸੇ ਵੀ ਤਿੰਨ ਪ੍ਰਸ਼ਨਾਂ ਵਿੱਚ ਅੰਦਰੂਨੀ ਛੋਟ ਹੋਵੇਗੀ ।
4. ਭਾਗ-ਸ ਪ੍ਰਸ਼ਨ 25 ਤੋਂ ਲੈ ਕੇ 28 ਤੱਕ ਛੇ ਅੰਕ ਵਾਲੇ ਹਨ।ਇਹਨਾਂ ਸਾਰੇ ਪ੍ਰਸ਼ਨਾਂ ਵਿੱਚ ਅੰਦਰੂਨੀ ਛੋਟ ਹੋਵੇਗੀ ।


## ਭਾਗ – ੳ

1. $\frac{-13}{19}$ ਦਾ ਗੁਣਾਤਮਕ ਉਲਟ ਕੀ ਹੋਵੇਗਾ?

(A) $\frac{13}{-19}$ (B) $\frac{13}{19}$ (C) $\frac{19}{-13}$ (D) $\frac{-19}{13}$

2. ਚਿੱਤਰ ਵਿੱਚ ਤੱਕੜੀ ਵਿੱਚ x ਦਾ ਮੁੱਲ ਕੀ ਹੈ?

(A) 11 (B) -5 (C) 5 (D) -11




3. 846 ਦੇ ਵਿੱਚ 8 ਦਾ ਸਥਾਨਕ ਮੁੱਲ 80 ਹੈ।( ਸਹੀ ਜਾਂ ਗਲਤ )

4. $3^{-2} = 9$ ਹੈ ( ਸਹੀ ਜਾਂ ਗਲਤ )

5. 64 ਦਾ ਵਰਗਮੂਲ ਪਤਾ ਕਰੋ।

6. ਹੱਲ ਕਰੋ: $\frac{3}{7} + \frac{2}{5}$

7. ਜੇਕਰ ਖੰਡ ਦਾ ਮੁੱਲ ਅਤੇ ਖੰਡ ਦੀ ਮਾਤਰਾ ਸਿੱਧੇ ਅਨੁਪਾਤ ਵਿੱਚ ਹੈ ਤਾਂ ਸਾਰਨੀ ਪੂਰੀ ਕਰੋ :

| | | | |
|---|---|---|---|
| ਖੰਡ ਦਾ ਭਾਰ ਕਿਲੋਗ੍ਰਾਮ ਵਿੱਚ | 1 | 2 | 3 |
| ਖੰਡ ਦਾ ਮੁੱਲ ਰੁਪਏ ਵਿੱਚ | 30 | ______ | 90 |

8. ਸਿਫਰ ਦਾ ਉਲਟਕ੍ਰਮ ________ ਹੈ । **(8x1 = 8)**

## ਭਾਗ - ਅ

9. -2 ਨਾਲੋ' ਵੱਡੀਆਂ ਪੰਜ ਪਰਿਮੇਯ ਸੰਖਿਆਵਾਂ ਲਿਖੋ।

10. $7x-9 = 16$ ਨੂੰ ਹੱਲ ਕਰੋ।

11. ਨਾਲ ਦਿੱਤੇ ਚਿੱਤਰ ਵਿੱਚ A ਅਤੇ B ਲਈ ਪਰਿਮੇਯ ਸੰਖਿਆਵਾਂ ਲਿਖੋ।




12. 325 ਕਿਤਾਬਾਂ ਦੀ ਕੀਮਤ 9100 ਰੁ. ਹੈ, ਅਜਿਹੀ ਇੱਕ ਕਿਤਾਬ ਦੀ ਕੀਮਤ ਪਤਾ ਕਰੋ?

13. 15625 ਦਾ ਘਣਮੂਲ ਅਭਾਜ ਗੁਣਨਖੰਡ ਵਿਧੀ ਰਾਹੀ ਪਤਾ ਕਰੋ।

14. ਹੇਠਾਂ ਕੁੱਝ ਤੁਲ ਭਿੰਨ੍ਹਾਂ ਦਿੱਤੀਆਂ ਗਈਆਂ ਹਨ ਇਹਨਾਂ ਵਿੱਚ ਖਾਲੀ ਬਕਸਿਆਂ ਨੂੰ ਭਰੋ:

$$\frac{5}{7} = \frac{20}{\square} = \frac{35}{49} = \frac{\square}{63}$$


15. 10 ਵੱਖ-ਵੱਖ ਪਰਚੀਆਂ 'ਤੇ 1 ਤੋਂ 10 ਤੱਕ ਸੰਖਿਆਵਾਂ ਲਿਖੀਆਂ ਹੋਈਆਂ ਹਨ। (ਇੱਕ ਪਰਚੀ 'ਤੇ ਇੱਕ ਸੰਖਿਆ), ਉਸਨੂੰ ਇੱਕ ਬਕਸੇ ਵਿੱਚ ਰੱਖ ਕੇ ਚੰਗੀ ਤਰ੍ਹਾਂ ਮਿਲਾ ਦਿੱਤਾ ਜਾਂਦਾ ਹੈ। ਬਕਸੇ ਦੇ ਅੰਦਰ ਦੇਖੇ ਬਿਨ੍ਹਾਂ ਇੱਕ ਪਰਚੀ ਕੱਢੀ ਜਾਂਦੀ ਹੈ। ਹੇਠਾਂ ਲਿਖਿਆਂ ਦੀ ਸੰਭਾਵਨਾ ਕੀ ਹੈ?



(i) ਸੰਖਿਆ 6 ਪ੍ਰਾਪਤ ਕਰਨਾ।

(ii) 6 ਤੋਂ ਛੋਟੀ ਇੱਕ ਸੰਖਿਆ ਪ੍ਰਾਪਤ ਕਰਨਾ।

16. ਦਿੱਤੇ ਗਏ ਚਿੱਤਰ ਵਿੱਚ ਕਿਹੜੀਆਂ ਦੋ ਭਿੰਨ੍ਹਾਂ ਦੀ ਗੁਣਾ ਦਰਸਾਈ ਗਈ ਹੈ




**(8x2 = 16)**

## ਭਾਗ-ੲ

17. $\frac{6}{13}$ ਨੂੰ $\frac{-7}{16}$ ਦੇ ਉਲਟਕ੍ਰਮ ਨਾਲ ਗੁਣਾ ਕਰੋ।

18. ਜੇਕਰ ਇੱਕ ਖੰਬੇ ਦਾ $\frac{3}{8}$ ਭਾਗ ਜ਼ਮੀਨ ਦੇ ਅੰਦਰ ਹੋਵੇ ਤਾਂ ਦੱਸੋ ਖੰਬੇ ਦਾ ਕਿੰਨਾਂ ਭਾਗ ਜ਼ਮੀਨ ਦੇ ਉੱਪਰ ਹੈ ?

19. ਦਿੱਤੇ ਚਿੱਤਰ ਵਿੱਚੋਂ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ।



(i) ਸਭ ਤੋਂ ਵੱਧ ਵਿਦਿਆਰਥੀਆਂ ਨੇ ਕਿੰਨੇ ਘੰਟੇ ਤੱਕ ਟੀ. ਵੀ. ਦੇਖਿਆ?

(ii) 4 ਘੰਟਿਆਂ ਤੋਂ ਘੱਟ ਸਮੇਂ ਤੱਕ ਕਿੰਨੇ ਵਿਦਿਆਰਥੀਆਂ ਨੇ ਟੀ. ਵੀ. ਦੇਖਿਆ ?

(iii) ਕਿੰਨੇ ਵਿਦਿਆਰਥੀ ਟੀ.ਵੀ. 5 ਘੰਟੇ ਤੋਂ ਜ਼ਿਆਦਾ ਸਮਾਂ ਦੇਖਦੇ ਹਨ?

**ਜਾਂ**

ਹੇਠ ਲਿਖਿਆਂ ਦਾ ਮੁੱਲ ਪਤਾ ਕਰੋ।

(i) 25.65 + 9.005 + 37

(ii) 31.05 - 16.28

20. ਸਭ ਤੋਂ ਛੋਟੀ ਵਰਗ ਸੰਖਿਆ ਪਤਾ ਕਰੋ ਜੋ ਕਿ 4, 9 ਅਤੇ 10 ਹਰੇਕ ਨਾਲ ਵੰਡੀ ਜਾ ਸਕੇ।

**ਜਾਂ**

ਰੀਟਾ ਦੇ ਘਰ ਅਤੇ ਦਫਤਰ ਵਿਚਕਾਰ ਦੀ ਦੂਰੀ 14 ਕਿ.ਮੀ. ਹੈ, ਜੇਕਰ ਉਹ 10 ਕਿ.ਮੀ. 65 ਮੀ. ਸਕੂਟਰ ਰਾਹੀਂ ਅਤੇ 3 ਕਿ.ਮੀ. 75 ਮੀ. ਬਸ ਰਾਹੀਂ ਅਤੇ ਬਾਕੀ ਦੂਰੀ ਪੈਦਲ ਚੱਲਦੀ ਹੈ ਤਾਂ ਦੱਸੋ ਉਹ ਕਿੰਨ੍ਹਾ ਰਸਤਾ ਪੈਦਲ ਚੱਲੀ?

21. ਵੰਡ ਵਿਧੀ ਰਾਹੀਂ ਸੰਖਿਆ '3481' ਦਾ ਵਰਗਮੂਲ ਪਤਾ ਕਰੋ।

22. 'm' ਦਾ ਮੁੱਲ ਪਤਾ ਕਰੋ ਜਿਸ ਲਈ $5^m \div 5^{-3} = 5^5$ ਹੈ।

**ਜਾਂ**

ਮਿਲਾਨ ਕਰੋ

| | | |
|---|---|---|
| (i) | $\frac{a^m}{a^n}$ | $(\frac{a}{b})^m$ |
| (ii) | $(a^m)^n$ | $(ab)^m$ |
| (iii) | $a^m X b^m$ | $a^{mn}$ |
| (iv) | $\frac{a^m}{b^m}$ | $a^{m-n}$ |

23. ਮੁੱਲ ਪਤਾ ਕਰੋ : $\frac{1}{3^{-2}}$

24. ਚਿੱਤਰ ਵਿੱਚ ਇੱਕ 14 ਮੀਟਰ ਉੱਚੇ ਬਿਜਲੀ ਦੇ ਖੰਭੇ ਦਾ ਪਰਛਾਵਾਂ 10 ਮੀਟਰ ਹੈ। ਸਮਾਨ ਸਥਿਤੀਆਂ ਵਿੱਚ ਉਸ ਦੱਰਖਤ ਦੀ ਉਚਾਈ ਪਤਾ ਕਰੋ ਜਿਸ ਦਾ ਪਰਛਾਵਾਂ 15 ਮੀਟਰ ਹੈ।



**(8 x 4 = 32)**

**ਭਾਗ- ਸ**

25. 360 ਵਿਅਕਤੀਆਂ ਦੇ ਇੱਕ ਗੁੱਟ ਵਿੱਚ ਤਿੰਨ ਰੁੱਤਾਂ-ਵਰਖਾ, ਸਰਦੀ ਅਤੇ ਗਰਮੀ ਵਿੱਚ ਆਪਣੀ ਮਨਪਸੰਦ ਰੁੱਤ ਦੇ ਲਈ ਵੋਟਾਂ ਕਰਨ ਨੂੰ ਕਿਹਾ ਗਿਆ। ਇਸ ਨਾਲ ਪ੍ਰਾਪਤ ਅੰਕੜਿਆਂ ਨੂੰ ਨਾਲ ਦਿੱਤੇ ਚਿੱਤਰ ਵਿੱਚ ਦਰਸਾਇਆ ਗਿਆ ਹੈ:

(i) ਕਿਸ ਰੁੱਤ ਨੂੰ ਸਭ ਤੋਂ ਜ਼ਿਆਦਾ ਵੋਟ ਮਿਲੇ?

(ii) ਹਰੇਕ ਚੱਕਰਖੰਡ ਦਾ ਕੇਂਦਰੀ ਕੋਣ ਪਤਾ ਕਰੋ।

(iii) ਇਸ ਸੂਚਨਾ ਨੂੰ ਦਰਸਾਉਣ ਦੇ ਲਈ, ਇੱਕ ਪਾਈ ਚਾਰਟ ਬਣਾਓ।

| Season | No. of votes |
|---|---|
| Summer | 90 |
| Rainy | 120 |
| Winter | 150 |

**ਜਾਂ**


ਚਿੱਤਰ ਦੇਖ ਕੇ ਹੇਠਾਂ ਦਿੱਤੇ ਬਿੰਦੂਆਂ ਦੀ ਸਥਿਤੀ ਲਈ ਸਹੀ ਅੱਖਰ ਚੁਣੋ।

(i) (2,1) (ii) (0,5) (iii) (2,0) ਅਤੇ ਲਿਖੋ

(iv) ਬਿੰਦੂ A ਦੇ ਨਿਰਦੇਸ਼ ਅੰਕ ਲਿਖੋ

(v) ਬਿੰਦੂ F ਦੇ ਨਿਰਦੇਸ਼ ਅੰਕ ਲਿਖੋ

(vi) ਕਿਹੜੇ ਤਿੰਨ ਬਿੰਦੂ ਇੱਕ ਸਰਲ ਰੇਖਾ ਵਿੱਚ ਹੈ?




26. ਸੰਖਿਆ 1989 ਵਿੱਚੋਂ ਕਿਹੜੀ ਛੋਟੀ ਤੋਂ ਛੋਟੀ ਸੰਖਿਆ ਘਟਾਈ ਜਾਵੇ ਕਿ ਇਹ ਇੱਕ ਪੂਰਨ ਵਰਗ ਸੰਖਿਆ ਬਣ ਜਾਵੇ। ਇਸ ਤਰ੍ਹਾਂ ਬਣੀ ਪੂਰਨ ਵਰਗ ਸੰਖਿਆ ਦਾ ਵਰਗਮੂਲ ਵੀ ਪਤਾ ਕਰੋ।

**ਜਾਂ**

ਉਹ ਛੋਟੀ ਤੋਂ ਛੋਟੀ ਸੰਖਿਆ ਪਤਾ ਕਰੋ ਜਿਸ ਨਾਲ ਸੰਖਿਆ 128 ਨੂੰ ਵੰਡਣ ਤੇ ਭਾਗਫਲ ਇੱਕ ਪੂਰਨ ਘਣ ਸੰਖਿਆ ਪ੍ਰਾਪਤ ਹੋ ਜਾਵੇ।

27. ਅਨੂ ਅਤੇ ਰਾਜ ਦੀ ਵਰਤਮਾਨ ਉਮਰ ਦਾ ਅਨੁਪਾਤ 4 : 5 ਹੈ। 8 ਸਾਲ ਬਾਅਦ ਉਨ੍ਹਾਂ ਦੀ ਉਮਰ ਦਾ ਅਨੁਪਾਤ 5 : 6 ਹੋਵੇਗਾ। ਉਹਨ੍ਹਾਂ ਦੀ ਵਰਤਮਾਨ ਉਮਰ ਪਤਾ ਕਰੋ।

**ਜਾਂ**

ਹਿਰਨਾਂ ਦੇ ਇੱਕ ਝੁੰਡ ਦਾ ਅੱਧਾ ਭਾਗ ਮੈਦਾਨ ਵਿੱਚ ਚਰ ਰਿਹਾ ਹੈ ਅਤੇ ਬਾਕੀ ਦਾ ਤਿੰਨ ਚੌਥਾਈ ਨੇੜੇ ਖੇਡ ਰਿਹਾ ਹੈ। ਬਾਕੀ ਬਚੇ 9 ਹਿਰਨ ਇੱਕ ਤਲਾਬ ਵਿੱਚ ਪਾਣੀ ਪੀ ਰਹੇ ਸਨ। ਝੁੰਡ ਵਿੱਚ ਹਿਰਨਾਂ ਦੀ ਸੰਖਿਆ ਪਤਾ ਕਰੋ।

28. ਹੱਲ ਕਰੋ : $\frac{7y+4}{y+2} = \frac{-4}{3}$

**ਜਾਂ**

(i) ਹੱਲ ਕਰੋ $2\frac{5}{7} - 3\frac{4}{7}$

(ii) 15 ਸੈਂਟੀਮੀਟਰ ਨੂੰ ਮੀਟਰ ਵਿੱਚ ਬਦਲੋ।

(iii) $\frac{2}{7}, \frac{6}{7}, \frac{5}{7}$ ਅਤੇ $\frac{3}{7}$ ਨੂੰ ਵੱਧਦੇ ਕ੍ਰਮ ਵਿੱਚ ਲਿਖੋ।

**(4 x6 = 24)**